# ਅੱਤਵਾਦ ਨਾਲ ਜੁੜੇ ਅਪਰਾਧਾਂ ਲਈ ਹਿਰਾਸਤ ਵਿੱਚ ਰਹਿਣ ਵਾਲੇ ਵਿਅਕਤੀਆਂ ਦੇ ਅਧਿਕਾਰਾਂ ਦਾ ਪੱਤਰ

ਜਦੋਂ ਤੁਸੀਂ ਪੁਲਿਸ ਸਟੇਸ਼ਨ ਵਿੱਚ ਹਿਰਾਸਤ ਵਿੱਚ ਹੋ ਤਾਂ ਇਹ ਪਰਚਾ ਤੁਹਾਨੂੰ ਸਕੌਟਲੈਂਡ ਵਿੱਚ ਕਾਨੂੰਨ ਅਤੇ ਮਨੁੱਖੀ ਅਧਿਕਾਰਾਂ ਬਾਰੇ ਯੂਰਪੀ ਕਨਵੈਨਸ਼ਨ ਤਹਿਤ ਆਪਣੇ ਅਧਿਕਾਰਾਂ ਬਾਰੇ ਮਹੱਤਵਪੂਰਨ ਜਾਣਕਾਰੀ ਪ੍ਰਦਾਨ ਕਰਦਾ ਹੈ। ਇਹ ਦਸਤਾਵੇਜ਼ ਤੁਹਾਨੂੰ ਹਿਰਾਸਤ ਵਿੱਚ ਤੁਹਾਡੇ ਮੁੱਖ ਅਧਿਕਾਰਾਂ ਬਾਰੇ ਦੱਸਦਾ ਹੈ। ਇਹ ਕਾਨੂੰਨੀ ਸਲਾਹ ਨਹੀਂ ਹੈ ਅਤੇ ਇਹ ਤੁਹਾਨੂੰ ਤੁਹਾਡੇ ਸਾਰੇ ਅਧਿਕਾਰਾਂ ਬਾਰੇ ਨਹੀਂ ਦੱਸਦਾ। ਤੁਹਾਨੂੰ ਆਪਣੀ ਖੁਦ ਦੀ ਸੁਤੰਤਰ ਕਾਨੂੰਨੀ ਸਲਾਹ ਲੈਣੀ ਚਾਹੀਦੀ ਹੈ।

ਕਿਰਪਾ ਕਰਕੇ ਜਿੰਨੀ ਛੇਤੀ ਹੋ ਸਕੇ ਇਹ ਜਾਣਕਾਰੀ ਪੜ੍ਹੋ। ਇਹ ਤੁਹਾਨੂੰ ਉਦੋਂ ਫੈਸਲੇ ਲੈਣ ਵਿੱਚ ਮਦਦ ਕਰੇਗਾ ਜਦੋਂ ਤੁਸੀਂ ਪੁਲਿਸ ਸਟੇਸ਼ਨ ਵਿੱਚ ਹੁੰਦੇ ਹੋ। ਜੇ ਤੁਹਾਨੂੰ ਇਸ ਪਰਚੇ ਵਿੱਚੋਂ ਕੁਝ ਸਮਝ ਨਹੀਂ ਆ ਰਿਹਾ, ਜੇ ਤੁਹਾਨੂੰ ਇਸ ਦੀ ਪੜ੍ਹਨ ਵਿੱਚ ਆਸਾਨ ਕਾਪੀ ਚਾਹੀਦੀ ਹੈ ਜਾਂ ਇਸ ਦਾ ਅਨੁਵਾਦ ਚਾਹੀਦਾ ਹੈ ਤਾਂ ਕਿਰਪਾ ਕਰਕੇ ਪੁਲਿਸ ਨੂੰ ਕਹੋ।

**ਆਪਣੇ ਅਧਿਕਾਰ ਯਾਦ ਰੱਖੋ:**

1. **ਤੁਹਾਨੂੰ ਇਹ ਜਾਣਨ ਦਾ ਹੱਕ ਹੈ ਕਿ ਪੁਲਿਸ ਤੁਹਾਨੂੰ ਹਿਰਾਸਤ ਵਿੱਚ ਕਿਉਂ ਰੱਖ ਰਹੀ ਹੈ।**
2. **ਤੁਹਾਡੇ ਕੋਲ ਇਹ ਜਾਣਨ ਦਾ ਹੱਕ ਹੈ ਕਿ ਪੁਲਿਸ ਕੀ ਸੋਚਦੀ ਹੈ ਤੁਸੀਂ ਕੀ ਕੀਤਾ ਹੈ।**
3. **ਤੁਹਾਡੇ ਕੋਲ ਹੱਕ ਹੈ ਕਿ ਤੁਸੀਂ ਸੋਲਿਸਟਰ ਨੂੰ ਦੱਸੋ ਕਿ ਤੁਸੀਂ ਪੁਲਿਸ ਸਟੇਸ਼ਨ ਵਿੱਚ ਹੋ। ਇਹ ਮੁਫਤ ਹੈ।**
4. **ਤੁਹਾਨੂੰ ਅਧਿਕਾਰ ਹੈ ਕਿ ਤੁਸੀਂ ਕਿਸੇ ਹੋਰ ਨੂੰ ਇਹ ਦੱਸੋ ਕਿ ਤੁਸੀਂ ਪੁਲਿਸ ਸਟੇਸ਼ਨ ਵਿੱਚ ਹੋ। ਉਦਾਹਰਨ ਵੱਜੋਂ, ਇਹ ਪਰਿਵਾਰ ਦਾ ਮੈਂਬਰ, ਦੇਖਭਾਲਕਰਤਾ ਜਾਂ ਦੋਸਤ ਹੋ ਸਕਦਾ ਹੈ।**
5. **ਤੁਹਾਨੂੰ ਚੁੱਪ ਰਹਿਣ ਦਾ ਅਧਿਕਾਰ ਹੈ। ਤੁਹਾਨੂੰ ਪੁਲਿਸ ਦੁਆਰਾ ਪੁੱਛੇ ਜਾਣ ਵਾਲੇ ਕਿਸੇ ਵੀ ਪ੍ਰਸ਼ਨ ਦਾ ਉੱਤਰ ਦੇਣ ਦੀ ਲੋੜ ਨਹੀਂ ਹੈ। ਪਰ ਤੁਹਾਨੂੰ ਆਪਣਾ ਨਾਂ, ਪਤਾ, ਜਨਮ ਤਾਰੀਖ, ਜਨਮ ਸਥਾਨ ਅਤੇ ਤੁਹਾਡੀ ਨਾਗਰਿਕਤਾ ਦੱਸਣੀ ਪਵੇਗੀ।**
6. **ਪੁਲਿਸ ਦੁਆਰਾ ਤੁਹਾਨੂੰ ਪ੍ਰਸ਼ਨ ਪੁੱਛਣ ਤੋਂ ਪਹਿਲਾਂ ਤੁਹਾਨੂੰ ਬਿਨਾਂ ਕਿਸੇ ਦੇਰੀ ਤੋਂ ਇੱਕਲੇ ਵਿੱਚ ਸੋਲੀਸਟਰ ਨਾਲ ਗੱਲ ਕਰਨ ਦਾ ਅਧਿਕਾਰ ਹੈ। ਤੁਸੀਂ ਕਿਸੇ ਵੀ ਸਮੇਂ ਕਿਸੇ ਸੋਲੀਸਟਰ ਨਾਲ ਗੱਲ ਕਰ ਸਕਦੇ ਹੋ ਜਦੋਂ ਪੁਲਿਸ ਤੁਹਾਨੂੰ ਸਵਾਲ ਪੁੱਛ ਰਹੀ ਹੈ।**
7. **ਜੇ ਤੁਹਾਡੀ ਉਮਰ 16 ਸਾਲ ਤੋਂ ਘੱਟ ਹੈ, ਜਾਂ 18 ਸਾਲ ਤੋਂ ਘੱਟ ਹੈ ਅਤੇ ਤੁਸੀਂ ਲਾਜ਼ਮੀ ਨਿਗਰਾਨੀ ਆਰਡਰ ਦੇ ਅਧੀਨ ਹੋ, ਤਾਂ ਤੁਹਾਡੇ ਕੋਲ ਪੁਲਿਸ ਸਟੇਸ਼ਨ 'ਤੇ ਤੁਹਾਡੇ ਮਾਪਿਆਂ ਜਾਂ ਸਰਪ੍ਰਸਤ ਦੁਆਰਾ ਮਿਲਣ ਆਉਣ ਦਾ ਅਧਿਕਾਰ ਵੀ ਹੈ।**
8. **ਤੁਹਾਡੇ ਕੋਲ ਤੁਰੰਤ ਡਾਕਟਰੀ ਸਹਾਇਤਾ ਪ੍ਰਾਪਤ ਕਰਨ ਦਾ ਅਧਿਕਾਰ ਹੈ।**

© Crown copyright 2018
ISBN: 978-1-78851-794-2

APS Group Scotland
PPDAS297786 (04/18)

Scottish Government
Riaghaltas na h-Alba
gov.scot

# ਤੁਹਾਡੇ ਅਧਿਕਾਰ

ਕਿਰਪਾ ਕਰਕੇ ਨੋਟ ਕਰੋ: ਖਾਸ ਹਾਲਾਤਾਂ ਵਿੱਚ, ਪੁਲਿਸ ਨੂੰ ਇਹਨਾਂ ਅਧਿਕਾਰਾਂ ਵਿੱਚੋਂ ਕੁਝ ਨੂੰ ਤੁਹਾਡੇ ਦੁਆਰਾ ਵਰਤਣ ਵਿੱਚ ਦੇਰੀ ਕਰਨ ਜਾਂ ਰੋਕਣ ਦਾ ਅਧਿਕਾਰ ਹੈ। ਉਦਾਹਰਨ ਲਈ, ਜੇ ਪੁਲਿਸ ਸੋਚਦੀ ਹੈ ਕਿ ਉਨ੍ਹਾਂ ਨੂੰ ਕਿਸੇ ਹੋਰ ਵਿਅਕਤੀ ਨੂੰ ਤਕਲੀਫ ਪਹੁੰਚਣ ਤੋਂ ਰੋਕਣ ਲਈ ਤੁਹਾਡੇ ਨਾਲ ਗੱਲ ਕਰਨ ਦੀ ਲੋੜ ਹੈ। **ਇਸ ਵਿੱਚ ਤੁਹਾਡੇ ਚੁੱਪ ਰਹਿਣ ਦਾ ਅਧਿਕਾਰ ਸ਼ਾਮਲ ਨਹੀਂ ਹੈ।**

## 1. ਪੁਲਿਸ ਦੀ ਹਿਰਾਸਤ ਵਿੱਚ ਲੋਕਾਂ ਲਈ ਜਾਣਕਾਰੀ

- **ਚੁੱਪ ਰਹਿਣ ਦਾ ਅਧਿਕਾਰ**

  ਤੁਹਾਨੂੰ ਪੁਲਿਸ ਦੁਆਰਾ ਪੁੱਛੇ ਗਏ ਕਿਸੇ ਵੀ ਉਸ ਪ੍ਰਸ਼ਨ ਦਾ ਜਵਾਬ ਦੇਣ ਦੀ ਲੋੜ ਨਹੀਂ ਹੈ ਜੋ ਪੁਲਿਸ ਸੋਚਦੀ ਹੈ ਕਿ ਤੁਸੀਂ ਕੀ ਕੀਤਾ ਹੈ।

  ਜੋ ਵੀ ਤੁਸੀਂ ਕਹਿੰਦੇ ਹੋ ਉਹ ਲਿਖਿਆ ਜਾਂ ਰਿਕਾਰਡ ਕੀਤਾ ਜਾਵੇਗਾ ਅਤੇ ਜੇ ਤੁਹਾਡਾ ਕੇਸ ਅਦਾਲਤ ਵਿੱਚ ਲਿਜਾਇਆ ਜਾਂਦਾ ਹੈ ਤਾਂ ਇਹ ਮੁਕੱਦਮੇ ਦੇ ਸਬੂਤ ਵੱਜੋਂ ਵਰਤਿਆ ਜਾ ਸਕਦਾ ਹੈ।

  ਤੁਹਾਨੂੰ ਉਦੋਂ ਪੁਲਿਸ ਨੂੰ ਤੁਹਾਡਾ ਨਾਮ ਅਤੇ ਪਤਾ, ਜਨਮ ਮਿਤੀ, ਜਨਮ ਸਥਾਨ ਅਤੇ ਨਾਗਰਿਕਤਾ ਬਾਰੇ ਦੱਸਣਾ ਪਵੇਗਾ ਜਦੋਂ ਉਹ ਤੁਹਾਨੂੰ ਇਹਨਾਂ ਵੇਰਵਿਆਂ ਲਈ ਪੁੱਛਦੇ ਹਨ।

- **ਸੋਲਿਸਟਰ ਨੂੰ ਦੱਸਣਾ ਕਿ ਤੁਸੀਂ ਪੁਲਿਸ ਸਟੇਸ਼ਨ ਵਿੱਚ ਹੋ**

  ਤੁਸੀਂ ਪੁਲਿਸ ਨੂੰ ਸੋਲਿਸਟਰ ਨੂੰ ਇਹ ਦੱਸਣ ਲਈ ਕਹਿ ਸਕਦੇ ਹੋ ਕਿ ਤੁਸੀਂ ਥਾਣੇ ਵਿੱਚ ਹੋ। ਇਹ ਤੁਹਾਡਾ ਆਪਣਾ ਸੋਲਿਸਟਰ ਹੋ ਸਕਦਾ ਹੈ ਜਾਂ, ਜੇ ਤੁਸੀਂ ਕਿਸੇ ਸੋਲਿਸਟਰ ਨੂੰ ਨਹੀਂ ਜਾਣਦੇ ਹੋ, ਤਾਂ ਆਨ-ਕਾਲ ਸੋਲਿਸਟਰ ਲਿਆ ਜਾ ਸਕਦਾ ਹੈ। ਪੁਲਿਸ ਜਿੰਨੀ ਛੇਤੀ ਸੰਭਵ ਹੋ ਸਕੇ ਸੋਲਿਸਟਰ ਨਾਲ ਸੰਪਰਕ ਕਰਨ ਦੀ ਵਿਵਸਥਾ ਕਰੇਗੀ। ਇਹ ਮੁਫਤ ਹੈ।

- **ਕਿਸੇ ਹੋਰ ਨੂੰ ਇਹ ਦੱਸਣਾ ਕਿ ਤੁਸੀਂ ਪੁਲਿਸ ਸਟੇਸ਼ਨ ਵਿੱਚ ਹੋ**

  ਤੁਸੀਂ ਕਿਸੇ ਹੋਰ ਨੂੰ ਇਹ ਦੱਸਣ ਲਈ ਕਿ ਤੁਸੀਂ ਪੁਲਿਸ ਸਟੇਸ਼ਨ ਵਿੱਚ ਹੋ ਉਸ ਨਾਲ ਸੰਪਰਕ ਕਰਨ ਲਈ ਪੁਲਿਸ ਨੂੰ ਕਹਿ ਸਕਦੇ ਹੋ। ਉਹ ਤੁਹਾਡੇ ਪਰਿਵਾਰ ਵਿੱਚੋਂ ਕੋਈ ਵੀ, ਤੁਹਾਡਾ ਸਾਥੀ, ਤੁਹਾਡਾ ਦੇਖਭਾਲਕਰਤਾ, ਤੁਹਾਡਾ ਦੋਸਤ ਜਾਂ ਕੋਈ ਹੋਰ ਵਿਅਕਤੀ ਜਿਸਨੂੰ ਤੁਸੀਂ ਜਾਣਦੇ ਹੋ, ਹੋ ਸਕਦਾ ਹੈ। ਉਹ ਜਿੰਨੀ ਛੇਤੀ ਹੋ ਸਕੇ ਤੁਹਾਡੇ ਲਈ ਕਿਸੇ ਨਾਲ ਸੰਪਰਕ ਕਰਨਗੇ।

### ਜੇ ਤੁਹਾਡੀ ਉਮਰ 16 ਸਾਲ ਤੋਂ ਘੱਟ ਹੈ (ਜਾਂ 18 ਸਾਲ ਤੋਂ ਘੱਟ ਹੈ ਅਤੇ ਤੁਸੀਂ ਲਾਜ਼ਮੀ ਨਿਗਰਾਨੀ ਆਰਡਰ ਦੇ ਅਧੀਨ ਹੋ):

- ਪੁਲਿਸ ਨੂੰ ਤੁਹਾਡੇ ਮਾਤਾ-ਪਿਤਾ ਜਾਂ ਸਰਪ੍ਰਸਤ ਨੂੰ ਇਹ ਦੱਸਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਤੁਸੀਂ ਪੁਲਿਸ ਸਟੇਸ਼ਨ ਵਿੱਚ ਹੋ।
- ਤੁਹਾਡੇ ਮਾਤਾ-ਪਿਤਾ ਜਾਂ ਸਰਪ੍ਰਸਤ ਆ ਸਕਦੇ ਹਨ ਅਤੇ ਪੁਲਿਸ ਸਟੇਸ਼ਨ 'ਤੇ ਤੁਹਾਡੀ ਸਹਾਇਤਾ ਕਰ ਸਕਦੇ ਹਨ।

- **ਤੁਹਾਡੀ ਮਦਦ ਲਈ ਅਨੁਵਾਦਕ ਉਪਲਬਧ ਕਰਵਾਉਣਾ**

  ਜੇ ਤੁਸੀਂ ਅੰਗਰੇਜ਼ੀ ਬੋਲ ਜਾਂ ਸਮਝ ਨਹੀਂ ਸਕਦੇ ਹੋ, ਤਾਂ ਪੁਲਿਸ ਤੁਹਾਡੀ ਮਦਦ ਕਰਨ ਲਈ ਤੁਹਾਡੀ ਬੋਲੀ ਬੋਲਣ ਵਾਲੇ (ਅਨੁਵਾਦਕ) ਦਾ ਪ੍ਰਬੰਧ ਕਰੇਗੀ। ਇਹ ਮੁਫਤ ਹੈ। ਇਹ ਜ਼ਰੂਰੀ ਹੈ ਕਿ ਤੁਸੀਂ ਪੁਲਿਸ ਸਟੇਸ਼ਨ 'ਤੇ ਜੋ ਕਿਹਾ ਜਾ ਰਿਹਾ ਹੈ ਉਸ ਨੂੰ ਸਮਝ ਸਕੋ।

  ਜੇ ਤੁਸੀਂ ਬੋਲੇ ਹੋ ਜਾਂ ਤੁਹਾਨੂੰ ਸਪੱਸ਼ਟ ਤੌਰ ਤੇ ਸੰਚਾਰ ਕਰਨ ਵਿੱਚ ਮੁਸ਼ਕਲ ਆਉਂਦੀ ਹੈ, ਤਾਂ ਪੁਲਿਸ ਤੁਹਾਡੀ ਸਹਾਇਤਾ ਲਈ ਕਿਸੇ ਵਿਅਕਤੀ ਦਾ ਪ੍ਰਬੰਧ ਕਰੇਗੀ। ਇਹ BSL ਅਨੁਵਾਦਕ ਜਾਂ ਕੋਈ ਹੋਰ ਉਚਿਤ ਪੇਸ਼ੇਵਰ ਹੋ ਸਕਦਾ ਹੈ। ਇਹ ਮੁਫਤ ਹੈ।

- **ਜੇ ਤੁਸੀਂ ਬ੍ਰਿਟਿਸ਼ ਨਹੀਂ ਹੋ**

  ਜੇ ਤੁਸੀਂ ਬ੍ਰਿਟਿਸ਼ ਨਹੀਂ ਹੋ, ਤਾਂ ਤੁਸੀਂ ਪੁਲਿਸ ਨੂੰ ਤੁਹਾਡੇ ਉੱਚ ਕਮਿਸ਼ਨ, ਦੂਤਾਵਾਸ ਜਾਂ ਕੌਂਸਲੇਟ ਨਾਲ ਸੰਪਰਕ ਕਰਨ ਲਈ ਕਹਿ ਸਕਦੇ ਹੋ ਤਾਂਕਿ ਤੁਸੀਂ ਉਹਨਾਂ ਨੂੰ ਦੱਸ ਸਕੋ ਕਿ ਤੁਸੀਂ ਕਿੱਥੇ ਹੋ ਅਤੇ ਤੁਸੀਂ ਪੁਲਿਸ ਸਟੇਸ਼ਨ ਵਿੱਚ ਕਿਉਂ ਹੋ। ਉਹ ਤੁਹਾਨੂੰ ਇੱਕਲੇ ਵਿੱਚ ਵੀ ਮਿਲ ਸਕਦੇ ਹਨ ਅਤੇ ਤੁਹਾਡੇ ਲਈ ਸੋਲਿਸਟਰ ਦਾ ਪ੍ਰਬੰਧ ਕਰ ਸਕਦੇ ਹਨ।

- **ਜੇ ਤੁਹਾਡੇ ਤੇ ਦੋਸ਼ ਲਗਾਏ ਜਾਂਦੇ ਹਨ ਜਾਂ ਵਾਰੰਟ ਤਹਿਤ ਹਿਰਾਸਤ ਵਿੱਚ ਲਿਆਇਆ ਜਾਂਦਾ ਹੈ ਤਾਂ ਕੀ ਹੁੰਦਾ ਹੈ?**

  ਜੇ ਤੁਹਾਡੇ 'ਤੇ ਕਿਸੇ ਜੁਰਮ ਦਾ ਦੋਸ਼ ਲਗਾਇਆ ਜਾਂਦਾ ਹੈ, ਤਾਂ ਤੁਹਾਨੂੰ ਹਿਰਾਸਤ ਵਿੱਚੋਂ ਰਿਹਾ ਕੀਤਾ ਜਾ ਸਕਦਾ ਹੈ ਜਾਂ ਤੁਹਾਨੂੰ ਪੁਲਿਸ ਸਟੇਸ਼ਨ ਵਿੱਚ ਰੱਖਿਆ ਜਾ ਸਕਦਾ ਹੈ ਅਤੇ ਅਗਲੇ ਕੰਮਕਾਜੀ ਦਿਨ ਨੂੰ ਅਦਾਲਤ ਵਿੱਚ ਲਿਜਾਇਆ ਜਾ ਸਕਦਾ ਹੈ। ਜਾਂ ਜੇ ਤੁਸੀਂ ਕਿਸੇ ਨਿਸ਼ਚਿਤ ਮਿਤੀ ਤੇ ਅਦਾਲਤ ਜਾਣ ਲਈ ਸਹਿਮਤ ਹੋ ਤਾਂ ਤੁਹਾਨੂੰ ਰਿਹਾ ਕੀਤਾ ਜਾ ਸਕਦਾ ਹੈ।

- **ਦਸਤਾਵੇਜ਼ਾਂ ਤੱਕ ਪਹੁੰਚ**

  ਜੇ ਤੁਹਾਡਾ ਕੇਸ ਅਦਾਲਤ ਵਿੱਚ ਜਾਂਦਾ ਹੈ ਤਾਂ ਇਸ ਮਾਮਲੇ ਵਿੱਚ ਸਬੂਤ ਦਾ ਨੋਟ ਤੁਹਾਨੂੰ ਜਾਂ ਤੁਹਾਡੇ ਸੋਲਿਸਟਰ ਨੂੰ ਦਿੱਤਾ ਜਾਵੇਗਾ। ਇਹ ਤੁਹਾਨੂੰ ਜਾਂ ਤੁਹਾਡੇ ਸੋਲਿਸਟਰ ਨੂੰ ਆਪਣੇ ਬਚਾਅ ਦੀ ਤਿਆਰੀ ਕਰਨ ਦੀ ਇਜਾਜ਼ਤ ਦੇਵੇਗਾ।

  ਜੇ ਤੁਸੀਂ ਅੰਗਰੇਜ਼ੀ ਨਹੀਂ ਸਮਝ ਸਕਦੇ ਹੋ ਤਾਂ ਤੁਹਾਨੂੰ ਸੰਬੰਧਿਤ ਜਾਣਕਾਰੀ ਦਾ ਅਨੁਵਾਦ ਕਰਵਾਉਣ ਦਾ ਹੱਕ ਹੈ।

- **ਜੇ ਤੁਸੀਂ ਬੀਮਾਰ ਜਾਂ ਜ਼ਖਮੀ ਹੋ**

  ਪੁਲਿਸ ਤੁਹਾਨੂੰ ਤੁਹਾਡੀ ਸਿਹਤ ਅਤੇ ਤੰਦਰੁਸਤੀ ਬਾਰੇ ਸਵਾਲ ਪੁੱਛੇਗੀ। ਪੁਲਿਸ ਇੱਕ ਮੈਡੀਕਲ ਪ੍ਰੈਕਟੀਸ਼ਨਰ ਨੂੰ ਤੁਹਾਡੀ ਜਾਂਚ ਕਰਨ ਲਈ ਕਹਿ ਸਕਦੀ ਹੈ। ਇਹ ਯਕੀਨੀ ਬਣਾਉਣ ਵਿੱਚ ਮਦਦ ਕਰਨ ਲਈ ਹੈ ਕਿ ਹਿਰਾਸਤ ਵਿੱਚ ਤੁਹਾਡੀ ਸਹੀ ਢੰਗ ਨਾਲ ਦੇਖਭਾਲ ਕੀਤੀ ਜਾਵੇ। ਜੇ ਤੁਹਾਨੂੰ ਇੱਕ ਮੈਡੀਕਲ ਪ੍ਰੈਕਟੀਸ਼ਨਰ ਦੀ ਜ਼ਰੂਰਤ ਮਹਿਸੂਸ ਹੁੰਦੀ ਹੈ ਤਾਂ ਪੁਲਿਸ ਨੂੰ ਦੱਸੋ। ਜੇ ਤੁਸੀਂ ਬੀਮਾਰ ਹੁੰਦੇ ਹੋ ਤਾਂ ਤੁਹਾਨੂੰ ਡਾਕਟਰੀ ਸਹਾਇਤਾ ਦਿੱਤੀ ਜਾਵੇਗੀ।

- **ਭੋਜਨ ਅਤੇ ਪੀਣ ਵਾਲੇ ਪਦਾਰਥ**

  ਤੁਹਾਨੂੰ ਪਾਣੀ ਬੇਨਤੀ ਕਰਨ 'ਤੇ ਦਿੱਤਾ ਜਾਵੇਗਾ। ਜੇ ਤੁਸੀਂ ਚਾਰ ਘੰਟਿਆਂ ਤੋਂ ਵੱਧ ਸਮੇਂ ਲਈ ਹਿਰਾਸਤ ਵਿੱਚ ਹੋ ਤਾਂ ਤੁਹਾਨੂੰ ਖਾਣਾ ਦਿੱਤਾ ਜਾਵੇਗਾ। ਜੇ ਤੁਹਾਡੀਆਂ ਕੋਈ ਖੁਰਾਕ ਜਾਂ ਧਰਮ ਅਨੁਸਾਰ ਖਾਣ ਸੰਬੰਧੀ ਲੋੜਾਂ ਹਨ ਤਾਂ ਪੁਲਿਸ ਨੂੰ ਜਿੰਨੀ ਛੇਤੀ ਹੋ ਸਕੇ ਦੱਸੋ।

**ਜੇ ਤੁਹਾਨੂੰ ਵਾਧੂ ਸਹਾਇਤਾ ਦੀ ਲੋੜ ਹੈ (ਕਿਰਪਾ ਕਰਕੇ ਨੋਟ ਕਰੋ ਕਿ ਇਹ ਜਾਣਕਾਰੀ ਸਿਰਫ ਸੇਵਾ ਬਾਰੇ ਹੈ ਅਤੇ ਅਧਿਕਾਰ ਨਹੀਂ ਹੈ):**

ਜਦੋਂ ਤੁਸੀਂ ਪੁਲਿਸ ਸਟੇਸ਼ਨ ਵਿੱਚ ਹੁੰਦੇ ਹੋ ਤੁਹਾਨੂੰ ਇਹ ਸਮਝਣ ਵਿੱਚ ਮਦਦ ਦੀ ਲੋੜ ਹੋ ਸਕਦੀ ਹੈ ਕਿ ਕੀ ਹੋ ਰਿਹਾ ਹੈ। ਇਹ ਇਸ ਸਹਾਇਤਾ ਲਈ ਉਪਲਬਧ ਵਿਅਕਤੀ ਦੁਆਰਾ ਮੁਹੱਈਆ ਕੀਤੀ ਜਾ ਸਕਦੀ ਹੈ ਜਿਸਨੂੰ ਐਪਰੋਪ੍ਰੀਏਟ ਐਡਲਟ ਕਿਹਾ ਜਾਂਦਾ ਹੈ। ਜੇ ਤੁਹਾਨੂੰ ਕੋਈ ਮਾਨਸਿਕ ਵਿਕਾਰ ਜਾਂ ਸਿੱਖਣ ਸਬੰਧੀ ਅਯੋਗਤਾ ਹੈ ਤਾਂ ਇਹ ਤੁਹਾਡੇ 'ਤੇ ਲਾਗੂ ਹੋ ਸਕਦੀ ਹੈ। **ਜੇ ਤੁਹਾਨੂੰ ਲੱਗਦਾ ਹੈ ਕਿ ਤੁਹਾਨੂੰ ਇਸ ਸਹਾਇਤਾ ਦੀ ਲੋੜ ਹੈ ਤਾਂ ਪੁਲਿਸ ਨਾਲ ਗੱਲ ਕਰੋ।**

ਜੇ ਪੁਲਿਸ ਨੂੰ ਲੱਗਦਾ ਹੈ ਕਿ ਤੁਹਾਨੂੰ ਐਪਰੋਪ੍ਰੀਏਟ ਐਡਲਟ ਦੀ ਸਹਾਇਤਾ ਦੀ ਜ਼ਰੂਰਤ ਹੈ ਤਾਂ ਭਾਵੇਂ ਤੁਸੀਂ ਇਸ ਦੀ ਮੰਗ ਨਹੀਂ ਵੀ ਕਰਦੇ ਫੇਰ ਵੀ ਉਹ ਇੱਕ ਐਪਰੋਪ੍ਰੀਏਟ ਐਡਲਟ ਨੂੰ ਬੁਲਾਉਣਗੇ।

## 2. ਉਹਨਾਂ ਲੋਕਾਂ ਲਈ ਜਾਣਕਾਰੀ ਜਿੰਨਾਂ ਨੂੰ ਪੁਲਿਸ ਦੁਆਰਾ ਸਵਾਲ ਪੁੱਛੇ ਜਾਣੇ ਹਨ

- **ਮਦਦ ਲਈ ਸੋਲਿਸਟਰ ਨਾਲ ਗੱਲ ਕਰਨਾ**
  - ਜੇ ਤੁਸੀਂ ਕਿਸੇ ਸੋਲਿਸਟਰ ਨਾਲ ਗੱਲ ਕਰਨਾ ਚਾਹੁੰਦੇ ਹੋ ਤਾਂ ਪੁਲਿਸ ਨੂੰ ਦੱਸੋ। ਪੁਲਿਸ ਜਿੰਨੀ ਜਲਦੀ ਸੰਭਵ ਹੋ ਸਕੇ ਤੁਹਾਡੇ ਲਈ ਸੋਲਿਸਟਰ ਨਾਲ ਸੰਪਰਕ ਕਰੇਗੀ।
  - ਸੋਲਿਸਟਰ ਤੁਹਾਨੂੰ ਦੱਸੇਗਾ ਕਿ ਕੀ ਉਹ ਤੁਹਾਨੂੰ ਮੁਫਤ ਸਲਾਹ ਦੇ ਸਕਦਾ ਹਾਂ ਜਾਂ ਤੁਹਾਨੂੰ ਸਲਾਹ ਲਈ ਭੁਗਤਾਨ ਕਰਨਾ ਪਵੇਗਾ। ਜੇ ਤੁਹਾਨੂੰ ਭੁਗਤਾਨ ਕਰਨ ਦੀ ਜ਼ਰੂਰਤ ਹੈ, ਉਹ ਦੱਸੇਗਾ ਕਿ ਇਸ ਲਈ ਤੁਹਾਨੂੰ ਕਿੰਨਾ ਭੁਗਤਾਨ ਕਰਨਾ ਪਵੇਗਾ ਅਤੇ ਤੁਸੀਂ ਕਿਵੇਂ ਭੁਗਤਾਨ ਕਰ ਸਕਦੇ ਹੋ। ਪੁਲਿਸ ਤੁਹਾਡੇ ਸੋਲਿਸਟਰ ਲਈ ਭੁਗਤਾਨ ਨਹੀਂ ਕਰੇਗੀ ਜਾਂ ਇਸ ਬਾਰੇ ਗੱਲ ਨਹੀਂ ਕਰੇਗੀ ਕਿ ਤੁਹਾਡੇ ਸੋਲਿਸਟਰ ਨੂੰ ਭੁਗਤਾਨ ਕਿਵੇਂ ਕੀਤਾ ਜਾਣਾ ਹੈ।
  - ਜੇ ਤੁਸੀਂ ਸੋਲਿਸਟਰ ਨੂੰ ਆਪਣੇ ਨਾਲ ਕਮਰੇ ਵਿੱਚ ਰਹਿਣ ਲਈ ਕਿਹਾ ਹੈ ਤਾਂ ਪੁਲਿਸ ਨੂੰ ਆਮ ਤੌਰ ਤੇ ਸੋਲਿਸਟਰ ਤੋਂ ਬਿਨਾਂ ਤੁਹਾਨੂੰ ਸਵਾਲ ਪੁੱਛਣ ਦੀ ਇਜਾਜ਼ਤ ਨਹੀਂ ਦਿੱਤੀ ਜਾਂਦੀ।
  - ਕਈ ਵਾਰ ਪੁਲਿਸ ਨੂੰ ਤੁਹਾਡੇ ਦੁਆਰਾ ਸੋਲਿਸਟਰ ਨਾਲ ਗੱਲ ਕਰਨ ਤੋਂ ਪਹਿਲਾਂ ਕੁਝ ਜ਼ਰੂਰੀ ਪ੍ਰਸ਼ਨ ਪੁੱਛਣੇ ਪੈ ਸਕਦੇ ਹਨ।
  - ਸੋਲਿਸਟਰ ਨਾਲ ਗੱਲ ਕਰਨਾ ਇਸ ਤਰ੍ਹਾਂ ਮਹਿਸੂਸ ਨਹੀਂ ਕਰਵਾਉਂਦਾ ਕਿ ਤੁਸੀਂ ਕੁਝ ਗਲਤ ਕੀਤਾ ਹੈ।
  - ਤੁਸੀਂ ਕਿਸੇ ਵੀ ਸਮੇਂ ਸੋਲਿਸਟਰ ਨਾਲ ਗੱਲ ਕਰਨ ਬਾਰੇ ਆਪਣਾ ਮਨ ਬਦਲ ਸਕਦੇ ਹੋ। ਜਿੰਨੀ ਛੇਤੀ ਹੋ ਸਕੇ ਪੁਲਿਸ ਨੂੰ ਦੱਸੋ ਅਤੇ ਉਹ ਤੁਹਾਡੇ ਲਈ ਇੱਕ ਸੋਲਿਸਟਰ ਨਾਲ ਸੰਪਰਕ ਕਰਨਗੇ।
  - ਸੋਲਿਸਟਰ ਦੀ ਭੂਮਿਕਾ ਤੁਹਾਡੇ ਅਧਿਕਾਰਾਂ ਦੀ ਰਾਖੀ ਕਰਨਾ ਅਤੇ ਤੁਹਾਨੂੰ ਕਾਨੂੰਨ ਬਾਰੇ ਸਲਾਹ ਦੇਣਾ ਹੈ।
  - ਤੁਸੀਂ ਜਿਸ ਸੋਲਿਸਟਰ ਨੂੰ ਜਾਣਦੇ ਹੋ ਉਸ ਨਾਲ ਜਾਂ ਆਨ-ਕਾਲ ਸੋਲਿਸਟਰ ਨਾਲ ਗੱਲ ਕਰਨਾ ਚੁਣ ਸਕਦੇ ਹੋ। ਇਹ ਸੋਲਿਸਟਰ ਸੁਤੰਤਰ ਹੈ ਅਤੇ ਪੁਲਿਸ ਲਈ ਕੰਮ ਨਹੀਂ ਕਰਦਾ ਹੈ।
  - ਜੇ ਇੱਕ ਸੀਨੀਅਰ ਪੁਲਿਸ ਅਫਸਰ ਇਜਾਜ਼ਤ ਦਿੰਦਾ ਹੈ, ਤਾਂ ਤੁਹਾਡੇ ਸੋਲਿਸਟਰ ਨਾਲ ਮਸ਼ਵਰੇ ਦੇ ਦੌਰਾਨ ਇਕ ਯੂਨੀਫਾਰਮ ਵਾਲਾ ਇੰਸਪੈਕਟਰ ਹਾਜ਼ਰ ਹੋ ਸਕਦਾ ਹੈ।
  - ਤੁਹਾਨੂੰ ਸੋਲਿਸਟਰ ਨਾਲ ਨਿੱਜੀ ਗੱਲਬਾਤ ਕਰਨ ਦੀ ਇਜਾਜ਼ਤ ਹੈ।
  - ਜਦੋਂ ਪੁਲਿਸ ਤੁਹਾਨੂੰ ਸਵਾਲ ਪੁੱਛਦੀ ਹੈ ਤਾਂ ਤੁਸੀਂ ਸੋਲਿਸਟਰ ਨੂੰ ਆਪਣੇ ਨਾਲ ਕਮਰੇ ਵਿੱਚ ਰਹਿਣ ਲਈ ਕਹਿ ਸਕਦੇ ਹੋ।
  - ਜੇ ਸੋਲਿਸਟਰ ਆਪਣੇ ਦੁਆਰਾ ਦੱਸੇ ਸਮੇਂ ਤੇ ਪੁਲਿਸ ਸਟੇਸ਼ਨ ਨਹੀਂ ਆਉਂਦਾ, ਜਾਂ ਤੁਹਾਨੂੰ ਸੋਲਿਸਟਰ ਨਾਲ ਦੁਬਾਰਾ ਗੱਲ ਕਰਨ ਦੀ ਲੋੜ ਹੈ ਤਾਂ ਪੁਲਿਸ ਨੂੰ ਫਿਰ ਤੋਂ ਉਸ ਨਾਲ ਸੰਪਰਕ ਕਰਨ ਲਈ ਕਹੋ।

- **ਤੁਹਾਡੇ ਤੋਂ ਪੁੱਛਗਿੱਛ ਕਰਨ ਲਈ ਤੁਹਾਨੂੰ ਕਿੰਨੇ ਸਮੇਂ ਲਈ ਹਿਰਾਸਤ ਵਿੱਚ ਰੱਖਿਆ ਜਾ ਸਕਦਾ ਹੈ?**

  ਪੁਲਿਸ ਤੁਹਾਡੇ ਤੇ ਜੁਰਮ ਦਾ ਦੋਸ਼ ਲਗਾਏ ਬਿਨਾਂ 48 ਘੰਟਿਆਂ ਲਈ ਤੁਹਾਨੂੰ ਪੁੱਛਗਿੱਛ ਲਈ ਰੋਕ ਸਕਦੀ ਹੈ। ਅਕਸਰ ਇੱਕ ਸੀਨੀਅਰ ਪੁਲਿਸ ਅਫਸਰ ਨੂੰ ਇਹ ਵੇਖਣ ਲਈ ਕਿ ਕੀ ਤੁਹਾਨੂੰ ਅਜੇ ਵੀ ਹਿਰਾਸਤ ਵਿੱਚ ਰੱਖਿਆ ਜਾਣਾ ਚਾਹੀਦਾ ਹੈ, ਤੁਹਾਡੇ ਕੇਸ ਦੀ ਜਾਂਚ ਕਰਨੀ ਪਵੇਗੀ। ਇਸਨੂੰ ਸਮੀਖਿਆ ਕਿਹਾ ਜਾਂਦਾ ਹੈ। ਜੇ ਅਦਾਲਤ ਦੁਆਰਾ ਆਗਿਆ ਦਿੱਤੀ ਜਾਂਦੀ ਹੈ ਤਾਂ ਹੀ ਤੁਹਾਨੂੰ 48 ਘੰਟਿਆਂ ਤੋਂ ਵੱਧ ਸਮੇਂ ਲਈ ਹਿਰਾਸਤ ਵਿੱਚ ਰੱਖਿਆ ਜਾ ਸਕਦਾ ਹੈ। ਅਦਾਲਤ ਤੁਹਾਡੀ ਗ੍ਰਿਫਤਾਰੀ ਤੋਂ ਵੱਧ ਤੋਂ ਵੱਧ 14 ਦਿਨਾਂ ਤੱਕ ਬਿਨਾਂ ਕਿਸੇ ਦੋਸ਼ ਹਿਰਾਸਤ ਦਾ ਸਮਾਂ ਵਧਾ ਸਕਦੀ ਹੈ। ਇਨ੍ਹਾਂ ਹਾਲਾਤਾਂ ਵਿੱਚ ਤੁਹਾਨੂੰ ਹੇਠ ਲਿਖਿਆਂ ਨੂੰ ਜ਼ਰੂਰ ਦਿੱਤਾ ਜਾਣਾ ਚਾਹੀਦਾ ਹੈ:

- ਇੱਕ ਲਿਖਤੀ ਦਸਤਾਵੇਜ਼ ਕਿ ਤੁਹਾਡੀ ਹਿਰਾਸਤ ਨੂੰ ਵਧਾਉਣ ਲਈ ਅਰਜ਼ੀ ਬਣਾਈ ਜਾ ਚੁੱਕੀ ਹੈ;
- ਸਮਾਂ ਜਦੋਂ ਅਰਜ਼ੀ ਬਣਾਈ ਗਈ ਸੀ;
- ਸਮਾਂ ਜਦੋਂ ਅਦਾਲਤ ਵਿੱਚ ਅਰਜ਼ੀ ਦੀ ਸੁਣਵਾਈ ਹੋਣੀ ਹੈ ਅਤੇ
- ਕਾਰਨ ਜਿਸ(ਜਿਨ੍ਹਾਂ) ਕਰਕੇ ਹਿਰਾਸਤ ਨੂੰ ਵਧਾਉਣ ਦੀ ਮੰਗ ਕੀਤੀ ਗਈ ਹੈ।

ਹਰ ਵਾਰ ਜਦੋਂ ਤੁਹਾਡੀ ਹਿਰਾਸਤ ਨੂੰ ਵਧਾਉਣ ਜਾਂ ਅੱਗੇ ਵਧਾਉਣ ਲਈ ਅਰਜ਼ੀ ਬਣਾਈ ਜਾਂਦੀ ਹੈ ਤਾਂ ਤੁਹਾਨੂੰ (ਅਤੇ ਤੁਹਾਡੇ ਕਾਨੂੰਨੀ ਪ੍ਰਤੀਨਿਧੀ) ਨੂੰ ਨੋਟਿਸ ਦੇਣਾ ਜ਼ਰੂਰੀ ਹੈ।

ਤੁਹਾਨੂੰ ਅਤੇ ਤੁਹਾਡੇ ਸੋਲਿਸਟਰ ਕੋਲ ਇਸ ਫੈਸਲੇ ਬਾਰੇ ਆਪਣੀ ਗੱਲ ਕਹਿਣ ਦਾ ਹੱਕ ਹੈ, ਜਦੋਂ ਤੱਕ ਤੁਸੀਂ ਸਹੀ ਸਥਿਤੀ ਵਿੱਚ ਨਹੀਂ ਹੋ। ਸੋਲਿਸਟਰ ਤੁਹਾਨੂੰ ਇਸ ਬਾਰੇ ਸਲਾਹ ਦੇ ਸਕਦਾ ਹੈ।

## ਸੁਤੰਤਰ ਹਿਰਾਸਤ ਮੁਲਾਕਾਤੀ

ਭਾਈਚਾਰੇ ਦੇ ਅਜਿਹੇ ਮੈਂਬਰ ਹਨ ਜਿਨ੍ਹਾਂ ਨੂੰ ਪੁਲਿਸ ਸਟੇਸ਼ਨਾਂ ਤੱਕ ਪਹੁੰਚ ਕਰਨ ਦੀ ਇਜਾਜ਼ਤ ਹੈ। ਉਹਨਾਂ ਨੂੰ ਸੁਤੰਤਰ ਹਿਰਾਸਤ ਮੁਲਾਕਾਤੀਆਂ ਵੱਜੋਂ ਜਾਣਿਆ ਜਾਂਦਾ ਹੈ ਅਤੇ ਉਹ ਇਹ ਯਕੀਨੀ ਬਣਾਉਣ ਲਈ ਸਵੈ-ਇੱਛਤ ਆਧਾਰ 'ਤੇ ਕੰਮ ਕਰਦੇ ਹਨ ਕਿ ਹਿਰਾਸਤ ਵਿੱਚ ਲਏ ਗਏ ਵਿਅਕਤੀਆਂ ਨਾਲ ਸਹੀ ਢੰਗ ਨਾਲ ਵਰਤਾਅ ਕੀਤਾ ਜਾ ਰਿਹਾ ਹੈ ਅਤੇ ਉਹਨਾਂ ਦੇ ਅਧਿਕਾਰ ਦਿੱਤੇ ਜਾ ਰਹੇ ਹਨ।

ਤੁਹਾਡੇ ਕੋਲ ਸੁਤੰਤਰ ਹਿਰਾਸਤ ਮੁਲਾਕਾਤੀ ਨੂੰ ਮਿਲਣ ਜਾਂ ਉਨ੍ਹਾਂ ਨੂੰ ਮਿਲਣ ਲਈ ਕਹਿਣ ਦਾ ਅਧਿਕਾਰ ਨਹੀਂ ਹੈ ਪਰ ਮੁਲਾਕਾਤੀ ਤੁਹਾਨੂੰ ਮਿਲਣ ਲਈ ਕਹਿ ਸਕਦਾ ਹੈ। ਜੇਕਰ ਸੁਤੰਤਰ ਹਿਰਾਸਤ ਮੁਲਾਕਾਤੀ ਉਦੋਂ ਤੁਹਾਡੇ ਕੋਲ ਮਿਲਣ ਆਉਂਦਾ ਹੈ ਜਦੋਂ ਤੁਸੀਂ ਹਿਰਾਸਤ ਵਿੱਚ ਹੋ ਤਾਂ ਉਹ ਇਹ ਜਾਂਚ ਕਰਨ ਲਈ ਕਿ ਤੁਹਾਡੇ ਭਲੇ ਅਤੇ ਅਧਿਕਾਰਾਂ ਦੀ ਸੁਰੱਖਿਆ ਕੀਤੀ ਜਾ ਰਹੀ ਹੈ, ਪੁਲਿਸ ਤੋਂ ਸੁਤੰਤਰ ਤੌਰ 'ਤੇ ਕੰਮ ਕਰੇਗਾ। ਇਹ ਤੁਹਾਡੇ ਤੇ ਹੈ ਕਿ ਤੁਸੀਂ ਉਹਨਾਂ ਨਾਲ ਗੱਲ ਕਰਨਾ ਚਾਹੁੰਦੇ ਹੋ ਜਾਂ ਨਹੀਂ।